British Columbia's
Office of the Human Rights
Commissioner

# ਮਾਨਵੀ ਅਧਿਕਾਰਾਂ ਦਾ ਸੱਭਿਆਚਾਰ ਉਸਾਰਦਿਆਂ ਹੋਇਆਂ: ਸਲਾਨਾ ਰਿਪੋਰਟ 2020/21 ਅਤੇ ਸਰਵਿਸ ਪਲੈਨ 2021/22 - 2023/24 – ਕਾਰਜਕਾਰੀ ਸਾਰ

2020/21 'ਚ, ਬੀਸੀ ਦੇ ਆਫਿਸ ਆਫ ਦਿ ਹਿਊਮਨ ਰਾਈਟਸ ਕਮਿਸ਼ਨਰ (BCOHRC) ਨੇ ਆਪਣਾ ਧਿਆਨ ਆਕਾਰ, ਬਣਤ ਅਤੇ ਪਹੁੰਚ ਵਿੱਚ ਆਪਣੀ ਸੰਸਥਾ ਦੀ ਉਸਾਰੀ ਉੱਪਰ ਲਗਾਇਆ। ਅਸੀਂ ਬੀ. ਸੀ. ਵਿੱਚ ਇਕ ਨਵੀਂ, ਨਵੀਨਤਾਕਾਰੀ ਅਤੇ ਗਤੀਸ਼ੀਲ ਮਾਨਵੀ ਅਧਿਕਾਰ ਸੰਸਥਾ ਵਜੋਂ ਅਸੀਂ ਆਪਣੀਆਂ ਪਾਲਿਸੀਆਂ, ਅਮਲਾਂ ਅਤੇ ਸੱਭਿਆਚਾਰ ਨੂੰ ਸਥਾਪਤ ਕਰਨਾਜਾਰੀ ਰੱਖਦੇ ਹੋਏ ਆਪਣੀਆਂ ਰਣਨੀਤਕ ਤਰਜੀਹਾਂ ਦੇ ਖੇਤਰਾਂ 'ਚ ਅਰਥਪੂਰਨ ਪ੍ਰਭਾਵ ਸਿਰਜਣ 'ਤੇ ਧਿਆਨ ਕੇਂਦਰਿਤ ਕੀਤਾ।

## ਰਣਨੀਤਕ ਤਰਜੀਹ ਦੀਆਂ ਵਿਸ਼ੇਸ਼ਤਾਈਆਂ

ਸਾਡੀ ਸਟ੍ਰੈਟਿਜਿਕ ਪਲੈਨ 2020/21-2024/25 ਪ੍ਰੋਗਰਾਮ ਨਾਲ ਸਬੰਧਤ ਪੰਜ ਤਰਜੀਹਾਂ ਬਾਰੇ ਦੱਸਦੀ ਹੈ: ਬੀ.ਸੀ. ਦੇ *ਹਿਊਮਨ ਰਾਈਟਸ ਕੋਡ* ਤਹਿਤ ਵਿਤਕਰਾ, ਅਣ-ਬਸਤੀਵਾਦ, ਨਫਰਤ ਅਤੇ ਗੋਰੀ ਸਰਵੁਚਤਾ 'ਚ ਵਾਧਾ, ਗਰੀਬੀ ਦਾ ਬੇਇਨਸਾਫੀ ਅਤੇ ਨਾ-ਬਰਾਬਰੀ ਦਾ ਕਾਰਨ ਅਤੇ ਸਿੱਟਾ ਹੋਣਾ ਅਤੇ ਸਰਕਾਰ ਦੁਆਰਾ ਹਿਰਾਸਤ ਵਿੱਚ ਲਏ ਵਿਅਕਤੀਆਂ ਦੇ ਮਾਨਵੀ ਅਧਿਕਾਰਾਂ ਦੀ ਸੁਰੱਖਿਆ। ਇੰਨ੍ਹਾਂ ਤਰਜੀਹਾਂ ਦੀ ਹਿਮਾਇਤ ਵਿਚ ਸਾਡੇ ਵੱਲੋਂ 2020/21 ਵਿਚ ਕੀਤੇ ਗਏ ਸ਼ੁਰਆਤੀ ਉੱਦਮਾਂ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਹਨ:

- BCOHRC ਦੀ ਇਕ ਬੁਨਿਆਦੀ ਤਰਜੀਹ ਉਨ੍ਹਾਂ ਕਾਨੂੰਨਾਂ, ਪਾਲਿਸੀਆਂ ਅਤੇ ਅਮਲਾਂ ਦਾ ਪੁਨਰਗਠਨ ਹੈ ਜਿਹੜੇ **ਵਿਕਤਰਾ** ਪੈਦਾ ਕਰਦੇ ਅਤੇ ਉਸਨੂੰ ਬਣਾਈ ਰੱਖਦੇ ਹਨ। ਮਿਸਾਲ ਵਜੋਂ, 2020/21 'ਚ ਅਸੀਂ ਮਾਨਵੀ ਅਧਿਕਾਰ ਪ੍ਰਣਾਲੀ ਤੱਕ ਪਹੁੰਚ ਕਰਨ 'ਚ ਸੁਧਾਰ ਲਿਆਉਣ ਲਈ ਹਿਊਮਨ ਰਾਈਟਸ ਟ੍ਰਿਬਿਊਨਲ ਅਤੇ ਸੂਬੇ ਭਰ 'ਚ ਮਾਨਵੀ ਅਧਿਕਾਰ ਕਲਿਨਿਕਾਂ ਨਾਲ ਇਕ "ਨੋ ਰੌਂਗ ਡੋਰ" ਪਹੁੰਚ ਵਿਕਸਤ ਕਰਨ ਵਾਸਤੇ ਮਿਲਕੇ ਕੰਮ ਕੀਤਾ (ਸਫਾ 44 ਵੇਖੋ)। ਅਸੀਂ 83 ਵਿਸ਼ੇਸ਼ ਪ੍ਰੋਗਰਾਮਾਂ ਦਾ ਪ੍ਰਬੰਧ ਵੀ ਕੀਤਾ, ਜਿਹੜੇ ਡਿਊਟੀ ਧਾਰਕਾਂ ਨੂੰ ਨੌਕਰੀਆਂ, ਕਿਰਾਏਦਾਰੀ ਅਤੇ *ਕੋਡ* ਦੁਆਰਾ ਸੁਰੱਖਿਅਤ ਹੋਰ ਖੇਤਰਾਂ ਵਿਚ ਇਤਿਹਾਸਕ ਤੌਰ 'ਤੇ ਅਣਗੌਲੇ ਕੀਤੇ ਗਰੁੱਪਾਂ ਨੂੰ ਤਰਜੀਹਾਂ ਦੇਣ ਦੀ ਇਜਾਜ਼ਤ ਦਿੰਦੇ ਹਨ (ਸਫਾ 65 ਵੇਖੋ)।

- ਇਕ ਹੋਰ ਮੂਲ ਤਰਜੀਹ **ਅਣ-ਬਸਤੀਵਾਦ** ਹੈ: ਮੂਲਵਾਸੀ ਲੋਕਾਂ ਦੇ ਹੱਕਾਂ, ਨੇਸ਼ਨਾਂ ਦੇ ਸਵੈ-ਨਿਰਣੇ ਦੇ ਹੱਕਾਂ ਦੀ ਹਿਮਾਇਤ ਅਤੇ ਬਸਤੀਵਾਦ ਢਾਂਚੇ ਨੂੰ ਤੋੜਨ ਵਾਸਤੇ ਕੰਮ ਕਰਨਾ । ਸਾਡਾ 2020/21 ਦਾ ਕੰਮ ਮੂਲਵਾਸੀ ਲੋਕਾਂ ਲਈ ਮਾਨਵੀ ਅਧਿਕਾਰ ਪ੍ਰਣਾਲੀ ਤੱਕ ਪਹੁੰਚ ਅਤੇ ਉਸਦੀ ਸਾਰਥਿਕਤਾ ਵਧਾਉਣ (ਸਫਾ 45 ਵੇਖੋ), *ਡੈਕਲੇਰੇਸ਼ਨ ਆਨ ਦਿ ਰਾਈਟਸ ਆਫ ਇੰਡਿਜਿਨਸ ਪੀਪਲ ਐਕਟ (DRIPA)* ਨੂੰ ਲਾਗੂ ਕਰਨ ਅਤੇ ਨਿਗਰਾਨੀ ਕਰਨ ਦੀ ਹਿਮਾਇਤ ਕਰਨ ਅਤੇ ਮੂਲਵਾਸੀ ਲੋਕਾਂ ਦੇ ਵਿਤਕਰੇ ਦੇ

536-999 Canada Place, Vancouver, BC V6C 3E1
info@bchumanrights.ca | 1 844 922 6472

ਅਨੁਭਵਾਂ ਅਤੇ ਵਧੇਰੇ ਆਮ ਰੂਪ 'ਚ ਮੂਲਵਾਸੀ ਲੋਕਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕਤਾ ਵਧਾਉਣ ਉੱਪਰ ਕੇਂਦਰਤ ਰਿਹਾ (ਸਫਾ 21 ਵੇਖੋ)।

- ਸਾਡਾ ਦਫਤਰ ਆਪਣੇ ਸਮਾਜ ਵਿਚ **ਨਫਰਤ** ਦੀ ਮੌਜੂਦਗੀ ਨੂੰ ਘਟਾਉਣ ਵਾਸਤੇ ਵੀ ਪ੍ਰਤਿਬਧ ਹੈ। ਸਾਡਾ ਧਿਆਨ ਨਫਰਤ ਦੇ ਪ੍ਰਗਟਾਵੇ ਦੇ ਬੁਨਿਆਦੀ ਕਾਰਨਾਂ ਬਾਰੇ ਖੋਜ ਅਤੇ ਡਾਟਾ ਨੂੰ ਹੋਰ ਵਿਕਸਤ ਕਰਨ; ਗਲਤ ਧਾਰਣਾਵਾਂ ਬਣਾਉਣ (ਸਟੀਰਿਉਟਾਈਪਿੰਗ), ਡਰ ਅਤੇ ਹਿੰਸਾ ਨੂੰ ਪ੍ਰਫੁਲਤ ਕਰਨ ਵਾਲੀ ਗਲਤ ਜਾਣਕਾਰੀ ਨੂੰ ਘਟਾਉਣ; ਅਤੇ ਨਫਰਤ ਪ੍ਰਤਿ ਕਾਨੂੰਨੀ ਕਾਰਵਾਈਆਂ ਦੀ ਪ੍ਰਭਾਵਸ਼ੀਲਤਾ ਨੂੰ ਸੁਧਾਰਨ ਉੱਪਰ ਕੇਂਦਰਤ ਹੈ ਮਿਸਾਲ ਵਜੋਂ 2020/21 ਵਿਚ ਅਸੀਂ ਬੀ.ਸੀ. ਦੀਆਂ 77 ਕਮਿਊਨਿਟੀਆਂ 'ਚ ਸੂਬਾ ਭਰ ਪੱਧਰ ਦੀ ਨਸਲਵਾਦ ਵਿਰੋਧੀ ਮੁਹਿੰਮ ਦੀ ਸ਼ੁਰੂਆਤ ਕੀਤੀ (ਅੱਗੇ ਵਧੇਰੇ ਦਿੱਤਾ ਗਿਆ ਹੈ)।

- **ਗਰੀਬੀ** ਬੀ.ਸੀ. 'ਚ ਇਕ ਮੂਲ ਮਾਨਵੀ ਅਧਿਕਾਰ ਮੁੱਦਾ ਹੈ, ਅਤੇ ਅਸੀਂ ਆਰਥਿਕ ਅਧਿਕਾਰਾਂ ਲਈ ਪ੍ਰਭਾਵਸ਼ਾਲੀ ਅਤੇ ਅਰਥਪੂਰਨ ਆਂਤਰਿਕ ਸੁਰੱਖਿਆਵਾਂ, ਅਤੇ ਗਰੀਬੀ 'ਚ ਰਹਿ ਰਹੇ ਲੋਕਾਂ ਪ੍ਰਤਿ ਵਿਤਕਰੇ ਨੂੰ ਖਤਮ ਕਰਨ ਵੱਲ ਨੂੰ ਕੰਮ ਕਰ ਰਹੇ ਹਾਂ (ਸਫਾ 25 ਵੇਖੋ)। 2020/21 'ਚ BCOHRC ਨੇ "ਸਮਾਜਿਕ ਹਾਲਤ" ਨੂੰ ਇਕ ਸੁਰੱਖਿਅਤ ਕੀਤੀ ਵਿਸ਼ੇਸ਼ਤਾ ਵਜੋਂ ਬੀ.ਸੀ. ਦੇ *ਹਿਊਮਨ ਰਾਈਟਸ ਕੋਡ* 'ਚ ਜੋੜਨ ਦੀਆਂ ਸਿਫਾਰਸ਼ਾਂ ਸਹਿਤ ਇਕ ਖੋਜ ਸਾਰ ਰਿਲੀਜ਼ ਕੀਤਾ (ਸਫਾ 64 ਵੇਖੋ)।

- ਜੇਕਰ ਸਾਨੂੰ ਕਾਨੂੰਨੀ ਅਨੁਸਾਰ ਹਿਰਾਸਤ ਵਿੱਚ ਲਿਆ ਜਾਂਦਾ ਹੈ ਤਾਂ ਸਾਡਾ ਸਾਰਿਆਂ ਕੋਲ ਆਪਹੁਦਰੀ **ਨਜ਼ਰਬੰਦੀ**, ਤਾਕਤ ਦੀ ਦੁਰਵਰਤੋਂ ਅਤੇ ਹੋਰ ਅਣਉਚਿੱਤ ਕਿਸਮ ਦੇ ਵਰਤਾਉ ਤੋਂ ਮੁਕਤ ਰਹਿਣ ਦਾ ਅਧਿਕਾਰ ਹੈ। 2020/21 'ਚ BCOHRC ਨੇ ਆਪਣਾ ਧਿਆਨ ਅਣਇੱਛਤ ਮਾਨਸਿਕ ਸਿਹਤ ਨਜ਼ਰਬੰਦੀਆਂ ਦੀ ਵਧੇਰੇ ਵਰਤੋਂ ਨੂੰ ਘਟਾਉਣ ਅਤੇ ਪੁਲਿਸੀ ਅਮਲਾਂ 'ਚ ਵਿਤਕਰੇ ਨੂੰ ਘਟਾਉਣ ਉੱਪਰ ਕੇਂਦਰਤ ਕੀਤਾ (ਸਫਾ 27 ਵੇਖੋ)। ਅਸੀ ਕੋਵਿਡ-19 ਮਹਾਂਮਾਰੀ ਦੌਰਾਨ ਹਿਰਾਸਤ ਵਿੱਚ ਲਏ ਗਏ ਵਿਅਕਤੀਆਂ ਦੇ ਮਾਨਵੀ ਅਧਿਕਾਰਾਂ ਦੀ ਰਾਖੀ ਲਈ ਸਿਫਾਰਸ਼ਾਂ ਵੀ ਕੀਤੀਆਂ (ਸਫਾ 70 ਵੇਖੋ )।

## ਸਾਡੇ 2020/21 ਦੇ ਪ੍ਰਭਾਵਾਂ ਦੀਆਂ ਵਿਸ਼ੇਸ਼ਤਾਈਆਂ

ਨਿਗਰਾਨੀ, ਮੁਲਾਂਕਣ ਅਤੇ ਲਗਾਤਾਰ ਸੁਧਾਰ ਸਾਡੇ ਵਿਕਾਸ ਦੇ ਹਰੇਕ ਪੜਾਅ 'ਚ ਪੱਕੇ ਰੂਪ 'ਚ ਸ਼ਾਮਲ ਹਨ, ਜਿਵੇਂ ਅਸੀਂ ਆਪਣੀ ਸੰਸਥਾ ਅਤੇ ਕੰਮ ਦਾ ਨਿਰਮਾਣ ਕਰਦੇ ਹਾਂ, ਉਸ ਨੂੰ ਵਧਾਉਂਦੇ ਹਾਂ, ਉਸ ਨੂੰ ਬਣਾਈ ਰੱਖਦੇ , ਸੁਧਾਰੇ ਅਤੇ ਨਵਿਆਉਂਦੇ ਹਾਂ (ਸਾਡੀ ਮੁਲਾਂਕਣ ਯੋਜਨਾ ਬਾਰੇ ਵਧੇਰੇ ਜਾਣਨ ਲਈ ਸਫਾ 82 ਵੇਖੋ)। 2021/22 'ਚ ਅਸੀਂ ਸਾਲ ਦਰ ਸਾਲ ਆਪਣੀ ਤਰੱਕੀ ਨੂੰ ਮਾਪਣ ਵਾਸਤੇ ਆਪਣਾ ਮੁਲਾਂਕਣ ਫਰੇਮਵਰਕ ਅਤੇ ਖਰੜਾ ਸੂਚਕਾਂ ਦਾ ਇਕ ਸੈੱਟ ਸਥਾਪਤ ਕੀਤਾ। ਸਾਡੀਆਂ ਮੁਲਾਂਕਣ ਗਤੀਵਿਧੀਆਂ ਦਰਸਾਉਣਗੀਆਂ ਕਿ ਸਾਰੇ ਸਟੇਕਹੋਲਡਰਾਂ ਨਾਲ ਸਨਮਾਨਯੋਗ ਸਬੰਧ ਅਤੇ ਜਵਾਬਦੇਹੀ ਬਣਾ ਕੇ ਰੱਖਣ, ਜਨਤਕ ਤੌਰ 'ਤੇ ਪਹੁੰਚਯੋਗ ਸਿੱਖਿਆ ਅਤੇ ਅਗਵਾਈ ਦੇ ਸਰੋਤਾਂ ਅਤੇ ਫੋਰਮਾਂ ਨੂੰ ਇਕੱਠਿਆਂ ਕਰਨ, ਮੂਲ ਮਾਨਵੀ ਅਧਿਕਾਰ ਮੁੱਦਿਆਂ ਨੂੰ ਉਭਾਰਦਿਆਂ ਬੀ.ਸੀ. ਸਰਕਾਰ ਅਤੇ ਹੋਰ ਡਿਊਟੀ ਧਾਰਕਾਂ ਨੂੰ ਜਿਹੜੀਆਂ ਸਿਫਾਰਸ਼ਾਂ ਅਸੀਂ ਕੀਤੀਆਂ ਉਨ੍ਹਾਂ ਬਾਰੇ ਸੂਚਿਤ ਕਰਨ, ਕਿਸੇ ਕੇਸ ਸਬੰਧੀ ਕਾਨੂੰਨ ਨੂੰ ਪ੍ਰਭਾਵਤ ਕਰਨ ਲਈ ਕਾਨੂੰਨੀ ਦਲੀਲਾਂ ਵਿਕਸਤ ਕਰਨ, ਅਤੇ ਅੰਦਰੂਨੀ ਤੌਰ 'ਤੇ ਮਾਨਵੀ ਅਧਿਕਾਰਾਂ 'ਤੇ ਆਧਾਰਤ ਪਾਲਿਸੀਆਂ, ਅਮਲ ਅਤੇ ਸੰਸਥਾਈ ਸੱਭਿਆਚਾਰ ਉਸਾਰਨ 'ਚ ਅਸੀਂ ਕਿਸ ਕੁ ਹੱਦ ਤੱਕ ਕਾਮਯਾਬ ਰਹੇ ਹਾਂ।ਸਾਡੀ ਸਲਾਨਾ ਰਿਪੋਰਟ ਮੁਲਾਂਕਣ ਦੇ ਇੰਨ੍ਹਾਂ ਮੂਲ ਖੇਤਰਾਂ ਦੇ ਆਲੇ-ਦੁਆਲੇ ਬਣਾਈ ਗਈ ਹੈ।

## ਸਨਮਾਨਯੋਗ ਸਬੰਧ ਬਣਾ ਕੇ ਰੱਖਣੇ ਅਤੇ ਜਵਾਬਦੇਹੀ ਦਾ ਪ੍ਰਦਰਸ਼ਨ ਕਰਨਾ

ਸਬੰਧ ਬਣਾਉਣੇ ਮਾਨਵੀ ਅਧਿਕਾਰ ਕਾਰਜਾਂ ਸੰਬੰਧੀ ਸਾਰੇ ਕੰਮ ਦੀ ਬੁਨਿਆਦ ਹੈ। 2020/21 ਵਿੱਚ BCOHRC ਨੇ ਅੱਠ **ਖੇਤਰੀ ਮੇਲ-ਮਿਲਾਪਾਂ** ਦੀ ਇਕ ਲੜੀ ਰਾਹੀਂ ਜਨਤਾ ਤੱਕ ਪਹੁੰਚ ਕੀਤੀ (ਸਫ਼ਾ 38 ਵੇਖੋ), ਵਿਆਪਕ ਤੌਰ 'ਤੇ **ਮੂਲਵਾਸੀ** ਲੋਕਾਂ ਦੀਆਂ ਸਰਕਾਰਾਂ ਅਤੇ ਕਮਿਊਨਿਟੀ ਲੀਡਰਾਂ ਨਾਲ ਮੇਲ-ਮਿਲਾਪ ਕੀਤੇ (ਸਫ਼ਾ 42 ਵੇਖੋ), ਸਾਡੇ ਨਾਲ ਸੰਪਰਕ ਕਰਨ ਵਾਲੇ 2,600 ਤੋਂ ਵਧੇਰੇ ਲੋਕਾਂ ਨੂੰ **ਜਾਣਕਾਰੀ ਅਤੇ ਰੈਫਰਲ** ਮੁਹੱਈਆ ਕੀਤੇ (ਸਫ਼ਾ 35 ਵੇਖੋ) ਅਤੇ ਇਕ ਪਹੁੰਚਯੋਗ, ਬਹੁਭਾਸ਼ੀ **ਵੈੱਬਸਾਈਟ** ਅਤੇ ਸੋਸ਼ਲ ਮੀਡੀਆ 'ਚ ਮੌਜੂਦਗੀ ਬਣਾਈ (ਵੇਖੋ ਸਫ਼ਾ 46 ਵੇਖੋ)। ਅਸੀਂ ਇਹ ਯਕੀਨੀ ਬਣਾਉਣ ਲਈ ਕਿ ਸਾਡੀਆਂ ਤਰਜੀਹਾਂ ਬ੍ਰਿਟਿਸ਼ ਕੁਲੰਬੀਆ ਵਾਸੀਆਂ ਦੀਆਂ ਲੋੜਾਂ ਅਤੇ ਹਿੱਤਾਂ ਨਾਲ ਇਕਸਾਰ ਹਨ, **ਸੂਬੇ-ਭਰ 'ਚ ਪੋਲਿੰਗ** ਵੀ ਕਰਵਾਈ (ਸਫ਼ਾ 33 ਵੇਖੋ)।

## ਸਿੱਖਿਆ ਅਤੇ ਦਿਸ਼ਾ-ਨਿਰਦੇਸ਼ਨ ਦੇ ਸਾਧਨ ਅਤੇ ਫੋਰਮ ਬਣਾਉਣੇ

ਤਾਜ਼ਾ ਬੀਤੇ ਵਰ੍ਹਿਆਂ ਦੌਰਾਨ ਰਿਪੋਰਟ ਕੀਤੇ ਗਏ ਅਤੇ ਮਹਾਂਮਾਰੀ ਦੁਆਰਾ ਵਧਾਏ ਗਏ ਨਫਰਤੀ ਜ਼ੁਰਮਾਂ 'ਚ ਪਰੇਸ਼ਾਨ ਕਰਨ ਵਾਲੇ ਵਾਧੇ ਦੇ ਸੰਦਰਭ 'ਚ (ਸਫ਼ਾ 23 ਵੇਖੋ) BCOHRC ਨੇ 2020/21 'ਚ ਆਪਣੀ ਪਹਿਲੀ ਜਨਤਕ ਸਿੱਖਿਆ ਮੁਹਿੰਮ ਸ਼ੁਰੂ ਕੀਤੀ। **"ਐਮ ਆਈ ਰੇਸਿਸਟ?"** (ਕੀ ਮੈਂ ਨਸਲਵਾਦੀ ਹਾਂ?) **ਮੁਹਿੰਮ** ਰਾਹੀਂ 24 ਕਮਿਊਨਿਟੀਆਂ 'ਚ ਬ੍ਰਿਟਿਸ਼ ਕੁਲੰਬੀਆ ਵਾਸੀਆਂ ਨੂੰ ਵੱਡੇ ਵੱਡੇ ਬਿੱਲ ਬੋਰਡਾਂ ਉੱਪਰ ਅਤੇ ਬੱਸ ਐਡਾਂ 'ਚ ਪੁੱਛੇ ਗਏ ਸਵਾਲਾਂ ਦੇ ਦੋ ਸੈੱਟਾਂ ਅਤੇ ਟਾਈਮਲਾਈਨਾਂ, ਐਕਟਿਵਿਟੀਆਂ ਅਤੇ ਸਾਧਨਾਂ ਨੂੰ ਦਰਸਾਉਂਦੇ ਪ੍ਰਸਪਰ ਵੈੱਬ ਅਨੁਭਵਵ ਰਾਹੀਂ ਉਨ੍ਹਾਂ ਦੇ ਅੰਦਰਲੇ ਪੱਖਪਾਤਾਂ ਨੂੰ ਪਰਖਣ ਬਾਰੇ ਆਖਿਆ ਗਿਆ (ਸਫ਼ਾ 51 ਵੇਖੋ) । 2020/21 'ਚ ਸਾਡੇ ਛੋਟੇ ਐਨੀਮੇਟਿਡ ਵੀਡੀਉ **ਹਿਊਮਨ ਰਾਈਟਸ 101** ਅਤੇ ਉਸਦੇ ਨਾਲ ਬੀ.ਸੀ. 'ਚ ਮਾਨਵੀ ਅਧਿਕਾਰਾਂ ਸੰਬੰਧੀ ਸਿੱਖਿਆ ਸਾਧਨ ਵੀ ਜਾਰੀ ਕੀਤੇ ਗਏ, ਜਿਹੜੇ ਜਨਤਾ ਲਈ ਮਾਨਵੀ ਅਧਿਕਾਰ ਧਾਰਣਾਵਾਂ ਨੂੰ ਸਰਲ ਬਣਾਉਣ ਲਈ ਡਿਜ਼ਾਈਨ ਕੀਤੇ ਗਏ ਸਨ (ਸਫ਼ਾ 54 ਵੇਖੋ)।

## ਸੰਸਥਾਤਮਕ ਮਾਨਵ ਅਧਿਕਾਰ ਮੁੱਦਿਆਂ ਨੂੰ ਸੁਧਾਰਨ ਵਾਸਤੇ ਸਿਫਾਰਸ਼ਾਂ ਮੁਹੱਈਆ ਕਰਨੀਆਂ

2020/21 'ਚ, ਇਹ ਮੰਨਦੇ ਹੋਏ ਹੋਇਆਂ ਕਿ ਕੋਵਿਡ-19 ਮਹਾਂਮਾਰੀ ਦੁਆਰਾ ਕੁਝ ਗਰੁੱਪਾਂ ਨੂੰ ਹੋਰਨਾਂ ਨਾਲੋਂ ਵੱਧ ਨੁਕਸਾਨ ਹੋਇਆ, , ਸਾਡੇ ਦਫਤਰ ਨੇ ਸਿਹਤ ਸੰਭਾਲ ਸਬੰਧੀ ਨਾ-ਬਰਾਬਰੀਆਂ ਨੂੰ ਸਾਹਮਣੇ ਲਿਆਉਣ ਲਈ ਨਸਲ-ਆਧਾਰਿਤ ਅਤੇ ਹੋਰ **ਜਨਸੰਖਿਆ ਸਬੰਧੀ ਅੱਡ ਅੱਡ ਡਾਟਾ** ਇਕੱਠਾ ਕਰਨ ਲਈ ਤਾਲਮੇਲ ਆਧਾਰਿਤ ਜਨਤਕ ਸੈਕਟਰ ਰਣਨੀਤੀ ਬਣਾਉਣ ਵਾਸਤੇ ਰਾਸ਼ਟਰੀ ਬੁਲਾਵੇ 'ਚ ਭਾਗ ਲਿਆ (ਸਫ਼ਾ 69 ਵੇਖੋ)। ਬਾਦ ਵਿਚ ਅਸੀਂ ਬੀ.ਸੀ. ਵਿਚ ਵਡੇਰੇ ਰੂਪ 'ਚ ਅੱਡੋ ਅੱਡ ਡਾਟਾ ਇਕੱਠਾ ਕਰਨ ਦੀਆਂ ਸਿਫਾਰਸ਼ਾਂ ਸਹਿਤ ਇਕ ਰਿਪੋਰਟ ਤਿਆਰ ਕੀਤੀ (ਉਪਰੰਤ ਵੈਬੀਨਾਰ ਅਤੇ ਵਧੀਕ ਸਾਧਨ ), ਜਿਸਨੇ ਅਣਗੌਲੀਆਂ ਕਮਿਊਨਿਟੀਆਂ ਨੂੰ ਪੁੱਜਦਾ ਨੁਕਸਾਨ ਰੋਕਣ ਲਈ **"ਦਿ ਗਰੈਂਡਮਦਰ ਪ੍ਰਸਪੈਕਟਿਵ"** ਦੀ ਵਰਤੋਂ ਦੀ ਵਕਾਲਤ ਕੀਤੀ (ਸਫ਼ਾ 57 ਵੇਖੋ)।

### *ਉੱਭਰ ਰਿਹਾ ਮੁੱਦਾ: ਕੋਵਿਡ-19 ਮਹਾਂਮਾਰੀ*

2020/21 'ਚ ਸਾਂਝੇ ਸਬੰਧਾਂ ਦਾ ਇਕ ਵੱਡਾ ਨੁਕਤਾ ਕੋਵਿਡ-19 ਮਹਾਂਮਾਰੀ ਦਾ ਸੀ, ਜਿਸਨੇ ਸਾਡੇ ਸਮਾਜ ਨੂੰ ਬਦਲਿਆ ਅਤੇ ਮਾਨਵੀ ਅਧਿਕਾਰਾਂ ਦੇ ਮੂਲ ਮੁੱਦਿਆਂ ਨੂੰ ਸਾਹਮਣੇ ਲਿਆਂਦਾ। ਇਸ ਵਿਸ਼ਵ-ਵਿਆਪੀ ਐਮਰਜੈਂਸੀ ਦਾ ਸਾਡੀਆਂ ਰਣਨੀਤਕ ਤਰਜੀਹਾਂ ਦੇ ਹਰੇਕ ਖੇਤਰ 'ਤੇ ਅਸਰ ਪਿਆ, ਜਿਸਨੇ ਸਾਡੇ ਸੂਬੇ 'ਚ ਮਾਨਵੀ ਅਧਿਕਾਰਾਂ ਦੀ ਨਿਗਰਾਨੀ ਦੀ ਫੌਰੀ ਲੋੜ ਨੂੰ ਪੂਰਨ ਰਾਹਤ ਤੱਕ ਲਿਆਂਦਾ। ਮਹਾਂਮਾਰੀ ਦੇ ਜੁਆਬ ਵਿਚ, BCOHRC ਨੇ ਐਂਪਲਾਇਰਾਂ, ਲੈਂਡਲਾਰਡਾਂ, ਸੇਵਾਵਾਂ ਪ੍ਰਦਾਨ-ਕਰਤਿਆਂ ਅਤੇ ਨਿੱਜੀ ਵਿਅਕਤੀਆਂ ਨੂੰ **ਵਿਸਤ੍ਰਿਤ ਪਾਲਿਸੀ ਦਿਸ਼ਾ-ਨਿਰਦੇਸ਼** ਜਾਰੀ ਕੀਤੇ ਕਿ ਅਤਿ-ਜ਼ਰੂਰੀ ਜਨਤਕ ਸਿਹਤ ਤਰਜੀਹਾਂ ਦੇ ਸਬੰਧ 'ਚ ਇਹ ਕਿਵੇਂ ਯਕੀਨੀ ਬਣਾਉਣਾ ਹੈ ਕਿ ਮਾਨਵੀ ਅਧਿਕਾਰ ਸੁਰੱਖਿਅਤ ਰਹਿਣ (ਸਫ਼ਾ 68 ਵੇਖੋ)।

ਇਕ ਹੋਰ ਤਰੀਕਾ ਜਿਸ ਰਾਹੀਂ ਅਸੀਂ ਸੰਸਥਾਤਮਕ ਮਾਨਵ ਅਧਿਕਾਰ ਮੁੱਦਿਆਂ ਨਾਲ ਨਿਪਟਦੇ ਹਾਂ, ਉਹ ਹੈ ਇੰਨਕੁਐਰੀਆਂ ਕਰਨਾ , ਜਿੰਨ੍ਹਾਂ ਨਾਲ ਅਸੀਂ ਉਨ੍ਹਾਂ ਬਾਰੇ ਰਿਪੋਰਟ ਕਰ ਸਕਦੇ ਅਤੇ/ਜਾਂ ਬੀ.ਸੀ. ਸਰਕਾਰ ਅਤੇ ਹੋਰ ਡਿਊਟੀ ਧਾਰਕਾਂ ਨੂੰ ਸਿਫਾਰਸ਼ਾਂ ਮੁਹੱਈਆ ਕਰ ਸਕਦੇ ਹਾਂ। 2020/21 ਦੇ ਸਮੇਂ ਦੌਰਾਨ, ਅਸੀਂ **ਆਪਣੀ ਪਹਿਲੀ ਜਨਤਕ ਇੰਨਕੁਐਰੀ**, ਹੇਟ ਇੰਨ ਦਿ ਪੈਂਡੈਮਿਕ (ਮਹਾਂਮਾਰੀ ਦੌਰਾਨ

ਨਫਰਤ), ਦੀਆਂ **ਤਿਆਰੀਆਂ** ਵੀ ਆਰੰਭੀਆਂ, ਜਿੰਨ੍ਹਾਂ 'ਚ ਵਿਹਾਰਕਤਾ ਬਾਰੇ ਖੋਜ, ਨਿਰਦੇਸ਼ ਅਤੇ ਹਵਾਲਾਂ ਸ਼ਰਤਾਂ ਤੈਅ ਕਰਨਾਂ ਅਤੇ ਇਕ ਇੰਨਕੁਐਰੀ ਵੈੱਬਸਾਈਟ ਤਿਆਰ ਕਰਨਾ ਸ਼ਾਮਲ ਹੈ (ਸਫਾ 66 ਵੇਖੋ ਵੀ ਵੀ)।

## ਕੇਸ ਕਾਨੂੰਨਾਂ ਨੂੰ ਪ੍ਰਭਾਵਤ ਕਰਨ ਲਈ ਕਾਨੂੰਨੀ ਦਲੀਲਾਂ ਤਿਆਰ ਕਰਨਾ

BCOHRC ਦਾ ਉਦੇਸ਼ ਬੀ.ਸੀ. 'ਚ ਮਾਨਵੀ ਅਧਿਕਾਰ ਕਾਨੂੰਨਾਂ ਅਤੇ ਸਿਸਟਮਾਂ 'ਚ ਸੁਧਾਰ ਲਿਆਉਣਾ ਹੈ। ਇਕ ਪਹੁੰਚ, ਦਫਤਰ ਦੀ ਉਨ੍ਹਾਂ ਅਦਾਲਤੀ ਕੇਸਾਂ 'ਚ ਦਖ਼ਲ ਦੇ ਸਕਣ ਦੀ ਸ਼ਕਤੀ ਦੀ ਵਰਤੋਂ ਕਰਨਾਂ ਹੈ ਜਿਹੜੇ ਬੀ.ਸੀ. 'ਚ ਮਾਨਵੀ ਅਧਿਕਾਰਾਂ ਦੀ ਸੁਰੱਖਿਆ 'ਤੇ ਅਸਰ ਪਾ ਸਕਦੇ ਹੋਣ। 2020/21 'ਚ ਸਾਡੇ ਦਫਤਰ ਨੇ ਇਕ ਬੀ.ਸੀ. ਸੁਪਰੀਮ ਕੋਰਟ ਕੇਸ 'ਚ ਆਪਣਾ **ਪਹਿਲਾ ਦਖਲ** ਦਾਇਰ ਕੀਤਾ, ਜਿਸ ਵਿਚ ਪਰਿਵਾਰਕ ਹੈਸੀਅਤ ਦੇ ਆਧਾਰ 'ਤੇ ਹੁੰਦੇ ਵਿਤਕਰੇ ਵਾਸਤੇ ਕਾਨੂੰਨ ਦਾ ਟੈਸਟ ਸ਼ਾਮਲ ਹੁੰਦਾ ਹੈ (ਸਫਾ 73 ਵੇਖੋ)।

## ਮਾਨਵੀ ਅਧਿਕਾਰਾਂ 'ਤੇ ਆਧਾਰਿਤ ਪਾਲਿਸੀਆਂ, ਅਮਲ ਅਤੇ ਸੱਭਿਆਚਾਰ ਉਸਾਰਨਾ

BCOHRC ਦੀ ਆਪਰੇਸ਼ਨਲ ਰਣਨੀਤਕ ਤਰਜੀਹ ਮਜ਼ਬੂਤ ਅਤੇ ਬਣੇ ਰਹਿਣ ਵਾਲੀ ਇਕ ਸੰਸਥਾ ਦੀ ਸਿਰਜਨਾ ਕਰਨਾ ਹੈ, ਜਿਹੜੀ ਬੀ.ਸੀ. 'ਚ ਮਾਨਵੀ ਅਧਿਕਾਰਾਂ ਉੱਪਰ ਇੱਕ ਪ੍ਰਗਤੀਸ਼ੀਲ ਪ੍ਰਭਾਵ ਪਾ ਸਕਣ ਦੇ ਯੋਗ ਹੋਵੇ। 2020/21 'ਚ ਅਸੀਂ ਆਪਣੇ ਮੁਲਾਂਕਣ ਅਤੇ ਰਿਪੋਰਟ ਕਰਨ ਦੇ ਅਮਲਾਂ ਨੂੰ ਵਿਕਸਤ ਕਰਨ 'ਚ ਇਕ **ਅਧਿਕਾਰ-ਆਧਾਰਿਤ ਪਹੁੰਚ** ਦੀ ਵਰਤੋਂ ਕੀਤੀ (ਸਫਾ 75 ਵੇਖੋ); ਇਕ ਕਿਰਿਆਸ਼ੀਲ, ਵਿਭਿੰਨ ਅਤੇ **ਸੰਮਿਲਤ ਪ੍ਰਕਾਰ ਦੀ ਟੀਮ** ਬਣਾਉਣ ਲਈ ਅਸੀਂ ਭਰਤੀ ਕਰਨ ਵੇਲੇ ਇਕ ਬਰਾਬਰੀ ਵਾਲੀ ਅਤੇ ਪਹੁੰਚਯੋਗ ਵਿਧੀ ਅਪਣਾਈ (ਸਫਾ 75 ਵੇਖੋ); ਆਪਣੇ ਉਦੇਸ਼ਾਂ ਅਤੇ ਦਿਸ਼ਾ-ਨਿਰਦੇਸ਼ਕ ਸਿਧਾਂਤਾਂ ਨਾਲ ਇਕਸਾਰ ਆਪਰੇਸ਼ਨਲ **ਸਿਸਟਮ ਅਤੇ ਅਮਲ** ਸਥਾਪਤ ਕੀਤੇ (ਸਫਾ 77 ਵੇਖੋ); ਅਤੇ ਇੱਕ ਅਨੋਖੀ **ਦ੍ਰਿਸ਼ਟੀਗਤ ਪਛਾਣ** ਲਾਗੂ ਕੀਤੀ ਜਿਹੜੀ ਪਛਾਣਨਯੋਗ ਹੈ ਅਤੇ ਕਮਿਸ਼ਨਰ ਨੂੰ ਬੀ.ਸੀ. 'ਚ ਮਾਨਵੀ ਅਧਿਕਾਰਾਂ ਨੂੰ ਅਗਾਂਹ ਵਧਾਉਣ ਵਾਲੀ ਇਕ **ਭਰੋਸੇਯੋਗ ਆਵਾਜ਼** ਵਜੋਂ ਸਥਾਪਤ ਕਰਦੀ ਹੈ (ਸਫਾ 75 ਵੇਖੋ)।

## ਅਗਾਂਹ ਵੇਖਦਿਆਂ ਹੋਇਆਂ: 2021/22 - 2023/24 ਸਰਵਿਸ ਪਲੈਨ

ਸਾਡੀ ਸਰਵਿਸ ਪਲੈਨ (2021/22 - 2023/24) ਉਪਰੋਕਤ ਰਣਨੀਤਕ ਤਰਜੀਹਾਂ ਅਤੇ ਮੁਲਾਂਕਣ ਯੋਜਨਾਂ ਦੇ ਮੁਹੱਈਆ ਕਰਨਯੋਗ ਤੱਤਾਂ 'ਚੋਂ ਨਿਕਲਦੀ ਹੈ।ਇਹ ਉਨ੍ਹਾਂ ਮੰਤਵਾਂ, ਮੂਲ ਕਾਰਗੁਜ਼ਾਰੀ ਸੂਚਕਾਂ ਅਤੇ ਐਕਟਿਵਿਟੀਆਂ ਦੇ ਇਕ ਨਮੂਨੇ ਦੀ ਰੂਪਰੇਖਾ ਉਲੀਕਦੀ ਹੈ ਜਿਹੜੀਆਂ ਅਸੀਂ ਆਉਂਦੇ ਤਿੰਨ ਸਾਲਾਂ ਦੇ ਸਮੇਂ ਦੌਰਾਨ ਕਮਿਸ਼ਨਰ ਦਫਤਰ ਦੇ ਆਦੇਸ਼ਾਂ ਦੀ ਪੂਰਤੀ ਅਤੇ ਭਵਿੱਖ ਦੇ ਨਿਸ਼ਾਨੇ ਮਿੱਥਣ ਲਈ ਆਧਾਰ-ਰੇਖਾ ਸਥਾਪਤ ਕਰਨ ਵਾਸਤੇ ਸ਼ੁਰੂ ਕਰਨੀਆਂ ਚਾਹੁੰਦੇ ਹਾਂ।

ਸਰਵਿਸ ਪਲੈਨ ਦੇ ਸਮੇਂ ਵਿਚਲੀਆਂ ਸਾਡੀਆਂ ਕੁਝ ਕੁ ਐਕਟਿਵਿਟੀਆਂ 'ਚ ਸ਼ਾਮਲ ਹੈ ਆਪਣੀ **ਹੇਟ ਇੰਨ ਦਿ ਪੈਂਡੇਮਿਕ ਇੰਨਕੁਐਰੀ** (ਮਹਾਂਮਾਰੀ ਦੇ ਸਮੇਂ 'ਚ ਨਫਰਤ ਦੀ ਇੰਨਕੁਐਰੀ) (ਜਿਵੇਂ ਕਿ ਅਸੀਂ ਅਗਸਤ 2021 'ਚ ਕੀਤੀ) ਸ਼ੁਰੂ ਕਰਨਾ , ਸਾਡੀ ਹਮਦਰਦੀ ਨਿਰਮਾਣ ਦੀ **ਆਈ ਲਵ ਮਾਈ ਹਿਊਮਨ ਰਾਈਟਸ** (ਮੈਂ ਆਪਣੇ ਮਾਨਵੀ ਅਧਿਕਾਰਾਂ ਨੂੰ ਪਿਆਰ ਕਰਦਾ/ਕਰਦੀ ਹਾਂ) ਲੜੀ ਦੀ ਦੂਸਰੀ ਵੀਡੀਉ ਰਿਲੀਜ਼ ਕਰਨਾ , ਹਿਊਮਨ ਰਾਈਟਸ ਕੋਡ ਸਬੰਧੀ ਵਿਦਿਅਕ ਵਰਕਸ਼ਾਪਾਂ ਲਗਾਉਣਾ ਅਤੇ ਮਹਾਂਮਾਰੀ ਦੇ ਮੌਜੂਦਾ ਪੜਾਅ 'ਤੇ **ਟੀਕਾਕਰਨ ਦੇ ਸਬੂਤ** ਦੀਆਂ ਪਾਲਿਸੀਆਂ ਵਿਕਸਤ ਕਰਨ ਵਾਲਿਆਂ ਲਈ ਅਗਵਾਈ ਦੇਣ ਵਾਲੀ ਸਮੱਗਰੀ ਤਿਆਰ ਕਰਨਾ ।ਸਾਡੇ ਅਗਾਂਹ ਦੇ ਕੰਮਾਂ 'ਚ **ਦੂਸਰੀ ਵੱਡੀ ਜਨਤਕ ਮੇਲ-ਮਿਲਾਪ ਮੁਹਿੰਮ, ਪੁਲਿਸ ਕਾਰਜਾਂ 'ਚ ਮਾਨਵੀ ਅਧਿਕਾਰਾਂ** 'ਤੇ ਲਗਾਤਾਰ ਚੱਲਦਾ ਕੰਮ (ਸਪੈਸ਼ਲ ਕਮੇਟੀ ਆਨ ਰਿਫਾਰਮਿੰਗ ਦਿ ਪੁਲਿਸ ਐਕਟ ਨੂੰ ਦਿੱਤੀ ਜਾਣ ਵਾਲੀ ਇੱਕ ਸਬਮਿਸ਼ਨ ਸਮੇਤ) ਅਤੇ ਬਹੁਤ ਕੁਝ ਹੋਰ ਵੀ ਸ਼ਾਮਲ ਹੈ (ਸਫਾ 81 ਵੇਖੋ)। ਜਿਵੇਂ ਅਸੀਂ ਇਹ ਕੰਮ ਅਤੇ ਕਈ ਹੋਰ ਕੰਮ ਕਰਦੇ ਹੋਵਾਂਗੇ, ਅਸੀਂ ਬੀ.ਸੀ. 'ਚ **ਮਾਨਵੀ ਅਧਿਕਾਰਾਂ ਦੀ ਸਥਿਤੀ** ਅਤੇ ਮਾਨਵੀ ਅਧਿਕਾਰ ਪ੍ਰਣਾਲੀ ਦਾ ਜਾਇਜ਼ਾ ਵੀ ਲਵਾਂਗੇ (ਸਫਾ 82 ਵੇਖੋ)।

## ਬੱਜਟ ਅਤੇ ਖਰਚੇ 2020/21

2020/21 'ਚ BCOHRC ਨੇ ਆਪਣੇ 5.5 ਮਿਲੀਅਨ ਡਾਲਰ ਦੇ ਆਪਰੇਟਿੰਗ ਬੱਜਟ ਦਾ 4.7 ਮਿਲੀਅਨ ਡਾਲਰ ਖਰਚਿਆ ਅਤੇ ਸਾਡੇ 1.2 ਮਿਲੀਅਨ ਡਾਲਰ ਕੈਪੀਟਲ ਬੱਜਟ ਨੂੰ ਪੂਰਾ ਖਰਚ ਕੀਤਾ (ਸਫਾ 94 ਵੇਖੋ)। ਅਗਾਂਹ ਚੱਲਦਿਆਂ, ਸਾਡੀ ਸਰਿਵਸ ਪਲੈਨ ਦੁਆਰਾ ਕਵਰ ਕੀਤੇ ਜਾਣ ਵਾਲੇ ਸਾਰੇ ਸਮੇਂ ਵਿਚ ਸਾਨੂੰ 2021/22 'ਚ 6.8 ਮਿਲੀਅਨ ਡਾਲਰ, 2022/23 'ਚ 6.7 ਮਿਲੀਅਨ ਡਾਲਰ ਅਤੇ 2023/24 'ਚ 6.7 ਮਿਲੀਅਨ ਡਾਲਰ ਦਾ ਆਪਰੇਟਿੰਗ ਬੱਜਟ, ਅਤੇ ਪ੍ਰਤਿ ਸਾਲ 35 ਹਜ਼ਾਰ ਡਾਲਰ ਦਾ ਕੈਪੀਟਲ ਬੱਜਟ ਮਨਜ਼ੂਰ ਹੋਇਆ ਹੈ।

**

ਅਸੀਂ ਆਪਣੀ ਸੰਸਥਾ ਦਾ ਨਿਰਮਾਣ ਕਿਵੇਂ ਕੀਤਾ ਅਤੇ 2020/21 'ਤੇ ਕੀ ਪ੍ਰਭਾਵ ਛੱਡਿਆ – ਅਤੇ ਇਹ ਕਿ ਆਉਣ ਵਾਲੇ ਸਾਲਾਂ 'ਚ ਅਸੀਂ ਕੀ ਯੋਜਨਾਵਾਂ ਬਣਾ ਰਹੇ ਹਾਂ ਜਿਵੇਂ ਅਸੀਂ ਆਪਣੇ ਦਫਤਰ ਨੂੰ ਵਧਾਅ ਫੈਲਾਅ ਰਹੇ, ਸੁਧਾਰ ਰਹੇ ਅਤੇ ਕਾਇਮ ਰੱਖ ਰਹੇ ਹਾਂ, ਬਾਰੇ ਵਧੇਰੇ ਜਾਣਨ ਲਈ – ਕਿਰਪਾ ਕਰਕੇ **bchumanrights.ca/annualreport2020** 'ਤੇ ਜਾ ਕੇ ਸਾਡੀ ਪੂਰੀ ਸਲਾਨਾ ਰਿਪੋਰਟ, ਬਿਲਡਿੰਗ ਏ ਕਲਚਰ ਆਫ ਹਿਊਮਨ ਰਾਈਟਸ, ਵੇਖੋ।

536-999 Canada Place, Vancouver, BC V6C 3E1
info@bchumanrights.ca | 1 844 922 6472